**EDINBURGH**

Trust HA*
9 Albyn Place
Edinburgh EH2 4NG
Tel 0131 225 7246
www.trustha.org.uk

Hanover (Scotland) HA
95 McDonald Road
Edinburgh EH7 4NS
Tel 0131 557 0598
www.hsha.org.uk

Bield HA
79 Hopetoun Street
Edinburgh EH7 4QF
Tel 0131 273 4000
www.bield.co.uk

**GLASGOW**

Trust HA
25 Park Circus
Glasgow G3 6AP
Tel 0141 341 3200
www.trustha.org.uk

Hanover (Scotland) HA
5 Newton Place
Glasgow G3 7PR
Tel 0141 353 1353
www.hsha.org.uk

Bield HA
12 Somerset Place
Glasgow G3 7JT
Tel 0141 270 7200
www.bield.co.uk


## ਸਾਰੀਆਂ ਉਮਰਾਂ ਵਾਸਤੇ ਇੱਕ ਸ਼ਹਿਰ– ਟੂਡੇ ਐਂਡ ਟੂਮੌਰੋ ਟਾਸਕ ਗਰੁੱਪ

ਟੂਡੇ ਐਂਡ ਟੂਮੌਰੋ ਟਾਸਕ ਗਰੁੱਪ ਨੇ 26 ਮਈ ਨੂੰ, ਐਡਿਨਬਰਾ ਵਿਚ ਸਿਟੀ ਚੇਂਬਰਜ਼ ਵਿਖੇ ਕੌਂਸਲਰ ਡਯੂਗੀ ਕੇਰ ਦੀ ਪ੍ਰਧਾਨਗੀ ਹੇਠ ਇੱਕ ਜਲਸੇ ਦਾ ਪ੍ਰਬੰਧ ਕੀਤਾ । ਕ੍ਰਿਆਤਮਕ ਯੋਜਨਾ, ਐਡਿਨਬਰਾ ਵਿਚ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਦੇ ਬਜ਼ੁਰਗ ਲੋਕਾਂ ਅਤੇ ਸੰਭਾਲਕਾਰਾਂ ਦੀਆਂ ਲੋੜਾਂ ਦਾ ਸੰਬੋਧਨ ਕਰਦੇ ਹੋਏ ਪ੍ਰਸਤੁਤੀਕਰਣ ਕੀਤਾ । ਇੱਕ ਛੋਟੀ ਜਿਹੀ ਵਿਡੀਓ ਵੀ ਦਿਖਾਲੀ ਗਈ, ਜਿਸ ਨੇ ਬਜ਼ੁਰਗ ਲੋਕਾਂ ਦੀ ਆਵਾਜ਼ ਅਤੇ ਚੁਨੌਤਿਆਂ ਜੋ ਗਰੁੱਪ ਦੇ ਕੰਮ ਦੇ ਭਵਿੱਖ ਦੀ ਦਿਸ਼ਾ ਨੂੰ ਪ੍ਰਭਾਵਿਤ ਕਰਨ, ਦੀ ਪ੍ਰਸਤੁਤੀ ਕੀਤੀ । **ਟ੍ਰਸਟ, ਹੈਨੋਵਰ (ਸਕਾਟਲੈਂਡ) ਐਂਡ ਬੀਲਡ, ਇਸ ਟਾਸਕ ਗਰੁੱਪ ਦੇ ਹਿੱਸੇ ਹਨ ।**

## ਗਲਾਸਗੋ ਦੇ ਕਾਲੇ ਅਤੇ ਘੱਟ ਗਿਣਤੀ ਨਸਲੀ ਬਜ਼ੁਰਗਾਂ ਦੀਆਂ ਘਰ ਵਿਚ ਸੰਭਾਲ ਲੋੜਾਂ

ਬਹੁ–ਸਭਿਆਚਾਈ ਬਜ਼ੁਰਗਾਂ ਦੇ ਸੰਭਾਲ ਸੈਂਟਰ ਦੁਆਰਾ ਇੱਕ ਰਿਪੋਰਟ ਪੇਸ਼ ਕੀਤੀ ਗਈ, **"ਗਲਾਸਗੋ ਵਿਚ ਕਾਲੇ ਅਤੇ ਘੱਟ ਗਿਣਤੀ ਨਸਲੀ ਸਭਿਆਚਾਰ ਦੇ ਬਜ਼ੁਰਗਾਂ ਦੀਆਂ ਘਰ ਵਿਚ ਸੰਭਾਲ ਲੋੜਾਂ"।** ਰਿਪੋਰਟ ਉਸ ਖੋਜ ਤੇ ਅਧਾਰਤ ਫ਼ੈਸਲੇ, ਸਿੱਟੇ ਅਤੇ ਸਿਫ਼ਾਰਸ਼ਾਂ ਪੇਸ਼ ਕਰਦੀ ਹੈ, ਜਿਸ ਵਿਚ ਸੇਵਾ ਦੇ ਪ੍ਰਬੰਧ ਵਿਚ ਅੰਤਰ ਦੀ ਪਛਾਣ ਵਾਸਤੇ ਵਿਆਪਕ ਤੌਰ ਤੇ ਇੰਟਰਵਿਊ, ਕੇਂਦਰ–ਬਿੰਦੂ ਗਰੁੱਪ, ਵਿਅਕਤਿਗਤ ਲੋਕ, ਅਤੇ ਕਾਨਫਰੰਸਾਂ ਸ਼ਾਮਲ ਸਨ ।

ਸ਼੍ਰੀਮਾਨ ਇਸਲਾਮ ਜਾਂ ਸ਼ਾਹੀਦਾ ਜ਼ਫ਼ਰ ਨੂੰ ਇਸ ਨੰਬਰ 0141 585 8014 ਤੇ ਸੰਪਰਕ ਕਰੋ ।

**ਅਸੀਂ ਥਾਂ ਬਦਲ ਰਹੇ ਹਾਂ!** ਟ੍ਰਸਟ ਹਾਊਜ਼ਿੰਗ ਐਸੋਸਿਏਸ਼ਨ ਅਤੇ ਦ ਈਕਵਲ ਔਪਰਚਯੂਨਿਟੀਜ਼ ਪ੍ਰੋਗਰਾਮ ਦੇਰ ਸਤੰਬਰ 2005 ਵਿਚ ਆਪਣੀ ਥਾਂ ਬਦਲ ਰਹੇ ਹਨ । ਸਾਡੇ ਨਵੇਂ ਟੈਲੀਫ਼ੋਨ ਅਤੇ ਪਤੇ ਦੇ ਵੇਰਵੇ ਪਤਾ ਲਗ ਜਾਣ ਤੇ EqualityScotland.com ਤੇ ਭੇਜੇ ਜਾਣਗੇ । ਈ–ਮੇਲ ਪਤੇ ਉਹੀ ਰਹਿਣਗੇ ।

| ਅਸੀਂ ਬੜੀ ਤਾਂਘ ਨਾਲ ਉਡੀਕ ਰਹੇਂ ਹਾਂ... | ਓਪਨ ਸਰਜਰੀਜ਼ |
|---|---|
| ...ਟ੍ਰਸਟ, ਹੈਨੋਵਰ (ਸਕਾਟਲੈਂਡ) ਅਤੇ ਬੀਲਡ ਦੀ ਸੰਚਾਰ ਯੋਜਨਾ ਦਾ ਦੂਸਰਾ ਸੰਸਕਰਣ । ਇਹ ਐਸੋਸਿਏਸ਼ਨਜ਼ ਦੁਆਰਾ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਨਾਲ ਸੰਚਾਰ ਦੇ ਵਿਕਾਸ ਵਿਚ ਪ੍ਰਯੋਗਾਤਮਕ ਤਜ਼ਰਬੇ ਅਤੇ ਨਵੀਨਤਾ ਪ੍ਰਦਾਨ ਕਰੇਗੀ । EqualityScotland.com ਤੇ ਉਪਲਬਧ ਹੈ ਜਾਂ ਇਸ ਦੀ ਨਕਲ ਵਾਸਤੇ ਰੋਹਿਣੀ ਸ਼ਰਮਾ ਨੂੰ ਸੰਪਰਕ ਕਰੋ । | ਬਜ਼ੁਰਗ ਲੋਕਾਂ ਵਾਸਤੇ ਘਰ ਸੰਬੰਧੀ ਜਾਣਕਾਰੀ ਅਤੇ ਸਲਾਹ ਅਤੇ ਤਿੰਨ ਐਸੋਸਿਏਸ਼ਨਜ਼ ਦੇ ਨਾਲ ਰੁਜ਼ਗਾਰ ਦੇ ਮੌਕੇ ਸਾਡੀਆਂ ਓਪਨ ਸਰਜਰੀਆਂ ਤੇ ਉਪਲਬਧ ਹੋਣੇ ਜਾਰੀ ਰਹਿਣਗੇ । ਜੇਕਰ ਤੁਸੀਂ ਆਪਣੀ ਸੰਸਥਾਵਾਂ ਵਿਚ ਓਪਨ ਸਰਜਰੀ ਕਰਨਾ ਚਾਹੋ ਤਾਂ ਕਿਰਪਾ ਕਰਕੇ ਸਮਾਂ, ਤਾਰੀਖ ਅਤੇ ਥਾਂ ਦਾ ਪ੍ਰਬੰਧ ਕਰਨ ਵਾਸਤੇ ਰੋਹਿਣੀ ਸ਼ਰਮਾ ਨਾਲ ਸੰਪਰਕ ਕਰੋ । |


This newsletter is a joint publication by **Trust** (formerly Kirk Care), **Hanover (Scotland)** and **Bield Housing Associations.** Previous issues can be viewed at **www.EqualityScotland.com**. If you would like to make comments or suggestions, or if you want your event or project to be considered for publication, please contact:



**Rohini Sharma (Housing Equal Opportunities Manager)**
**9 Albyn Place, Edinburgh EH2 4NG**
**Tel: 0131 225 7246 Fax: 0131 220 6627 rsharma@trustha.org.uk**


**PUNJABI**

# Housing for Older People NEWSLETTER

This Newsletter is also available in Chinese, Hindi, Punjabi and Urdu


ਅੰਕ 10
ਜੁਲਾਈ 2005


## ਮੈਲਕਮ ਚਿਜ਼ੋਮ, ਐਮ ਐਸ ਪੀ "ਹੈਪੀ ਟੂ ਟ੍ਰਾਂਸਲੇਟ," ਲੋਗੋ ਨੂੰ ਸ਼ੁਰੂ ਕਰਦੇ ਹਨ




25 ਅਪ੍ਰੈਲ ਨੂੰ **ਕਮਿਊਨਿਟੀਜ਼ ਦੇ ਮਿਨਿਸਟਰ, ਮੇਲਕਮ ਚਿਜ਼ੋਮ**, ਜਿਨ੍ਹਾਂ ਦੀ ਤਸਵੀਰ ਸੱਜੇ ਦਿੱਤੀ ਗਈ ਹੈ, ਨੇ ਐਡਿਨਬਰਾ ਵਿਚ ਦ ਹਬ ਵਿਖੇ ਇੱਕ ਵਿਸ਼ੇਸ਼ ਜਲਸੇ ਵਿਚ ਅਧਿਕਾਰਿਕ "ਹੈਪੀ ਟੂ ਟ੍ਰਾਂਸਲੇਟ" ਲੋਗੋ (Logo) ਨੂੰ ਸ਼ੁਰੂ ਕੀਤਾ । ਹੋਰਨਾਂ ਵਿਸ਼ੇਸ਼ ਮਹਿਮਾਨਾਂ ਵਿਚ ਪ੍ਰੋਫ਼ੈਸਰ ਜੈਫ਼ ਪਾਮਰ ਓ ਬੀ ਈ ਅਤੇ ਸਲਮਾ ਰਹਿਮਾਨ ਸ਼ਾਮਲ ਸਨ । ਜਲਸੇ ਵਿਚ ਸਕਾਟਲੈਂਡ ਦੇ ਕਈ ਭਾਈਚਾਰਿਆਂ ਦੇ ਗਿਆਨੀਆਂ ਅਤੇ ਨੁਮਾਇੰਦਿਆਂ ਵਲੋਂ ਬੜੀ ਗਰਮ–ਜੋਸ਼ੀ ਦੇ ਨਾਲ ਹਾਜ਼ਰੀਆਂ ਭਰੀਆਂ ਗਈਆਂ।

ਆਪਣੇ ਸ਼ੁਰੂ ਦੇ ਵਿਸ਼ੇਸ਼ ਸੰਦੇਸ਼ ਵਿਚ, ਪ੍ਰੋਫ਼ੈਸਰ ਪਾਮਰ ਨੇ ਉਨ੍ਹਾਂ ਰੁਕਾਵਟਾਂ ਵੱਲ ਰੋਸ਼ਨੀ ਪਾਈ, ਜਿਨ੍ਹਾਂ ਨੂੰ ਕਾਬੂ ਕਰਨਾ, ਲੋਗੋ (Logo) ਦਾ ਉਦੇਸ਼ ਹੈ: "ਜੇਕਰ ਗੱਲਬਾਤ ਨਹੀਂ... ਜਾਣਕਾਰੀ ਨਹੀਂ....ਤਾਂ ਸੇਵਾ ਨਹੀਂ" ਲੋਗੋ (Logo) ਭਾਸ਼ਾ ਦੀਆਂ ਰੁਕਾਵਟਾਂ ਨੂੰ ਕਾਬੂ ਕਰਨ ਵਿਚ ਮਦਦ ਕਰੇਗਾ, ਤਾਂ ਜੋ ਲੋਕ ਲੋੜੀਂਦੀ ਜਾਣਕਾਰੀ ਅਤੇ ਸੇਵਾ ਪ੍ਰਾਪਤ ਕਰ ਸਕਨ । ਸਦੱਸ ਸੰਸਥਾਵਾਂ ਲੋਗੋ (Logo) ਦੀ ਪ੍ਰਦਰਸ਼ਨੀ ਕਰਨਗੀਆਂ ਤਾਂ ਜੋ ਲੋਕਾਂ ਨੂੰ ਪਤਾ ਲਗ ਸਕੇ ਕਿ ਉਹ ਗੁੱਪਤ ਅਨੁਵਾਦ ਅਤੇ ਵਿਆਖਿਆ ਸੇਵਾਵਾਂ ਪ੍ਰਦਾਨ ਕਰਦੀਆਂ ਹਨ ।

ਦ ਐਸੋਸਿਏਸ਼ਨਜ਼, ਦ ਸਿਟੀ ਆਫ਼ ਐਡਿਨਬਰਾ ਕੌਂਸਲ, ਲੋਦਿਅਨ ਐਂਡ ਬੋਰਡਰਜ਼ ਪੁਲਿਸ, ਦ ਮੋਰੇ ਕੌਂਸਲ ਅਤੇ ਐੱਨ ਹੇਚ ਐੱਸ ਲੋਦਿਅਨ ਦੇ ਨਾਲ– ਪਹਿਲੀਆਂ ਸੰਸਥਾਵਾਂ ਹਨ ਜਿਨ੍ਹਾਂ ਨੇ ਲੋਗੋ (Logo) ਦਾ ਮਾਰਗਦਰਸ਼ਨ ਕਰਨ ਨੂੰ ਵਚਨਬੱਧ ਹੋਈਆਂ । ਇਹ ਆਸ ਕੀਤੀ ਜਾਂਦੀ ਹੈ ਕਿ ਸਮੇਂ ਦੇ ਨਾਲ, ਸਕਾਟਲੈਂਡ ਵਿਚ ਬਹੁ–ਸਭਿਆਚਾਰੀ ਸਮਾਜ ਨੂੰ ਵਧਾਵਾ ਦੇਣ ਵਾਸਤੇ ਜਨਤਕ ਅਤੇ ਨਿਜੀ ਖੇਤਰ ਦੀਆਂ ਸੰਸਥਾਵਾਂ ਵਲੋਂ ਲੋਗੋ (Logo) ਦੀ ਵਡੇਰੇ ਤੌਰ ਤੇ ਵਰਤੋਂ ਕੀਤੀ ਜਾਵੇਗੀ ।

ਸ਼੍ਰੀਮਾਨ ਚਿਜ਼ੋਮ ਨੇ ਕਿਹਾ," ਸਕਾਟਲੈਂਡ ਨੂੰ ਨਿਰਪੱਖ ਅਤੇ ਯੋਗ ਬਣਾਉਣ ਵਾਸਤੇ ਸਾਨੂੰ ਇਹ ਨਿਸਚਿਤ ਕਰਨਾ ਚਾਹੀਦਾ ਹੈ ਕਿ ਹਰ ਕੋਈ ਸਾਡੀਆਂ ਜਨਤਕ ਸੇਵਾਵਾਂ, ਜਾਣਕਾਰੀ ਅਤੇ ਸਾਧਨਾਂ ਤਕ ਸਮਾਨ ਰੂਪ ਵਿਚ ਪਹੁੰਚ ਪ੍ਰਾਪਤ ਕਰ ਸਕੇ । ਇਸ ਕਾਰਣ, ਮੈਨੂੰ ਇਸ ਨਵੇਂ ਅਨੁਵਾਦ ਅਤੇ ਵਿਆਖਿਆ ਲੋਗੋ ਦਾ ਸਮਰਥਨ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਜਿਸ ਦਾ ਉਦੇਸ਼ ਅੰਗ੍ਰੇਜ਼ੀ ਵਿਚ ਗਲਬਾਤ ਕਰਨ ਵਿਚ ਮੁਸ਼ਕਲਾਂ ਦਾ ਤਜ਼ਰਬਾ ਕਰਦੇ ਹੋਏ ਲੋਕਾਂ ਦੀਆਂ ਰੁਕਾਵਟਾਂ ਨੂੰ ਤੋੜਨਾ ਹੈ ।"

ਲੋਗੋ ਦੀ ਰੂਪ–ਰੇਖਾ, ਬੀ ਐੱਮ ਈ ਕਮਿਊਨਿਟੀਜ਼ (ਸਫ਼ੇ 2 ਤੇ ਵੱਖਰਾ ਆਰਟੀਕਲ ਵੇਖੋ) ਦੇ ਸਰਵੇਖਨ ਦਾ ਨਤੀਜਾ ਸੀ । "ਹੈਪੀ ਟੂ ਟ੍ਰਾਂਜ਼ਸਲੇਟ ਲੋਗੋ ਨੂੰ ਗ੍ਰਾਂਟ, ਦ ਸਕੌਟਿਸ਼ ਐਗਜ਼ੈਕਟਿਵ ਅਤੇ ਕਮਿਊਨਟੀਜ਼ ਸਕਾਟਲੇਂਡ ਵਲੋਂ ਦਿੱਤੀ ਗਈ ।"
ਦ ਸਕੌਟਿਸ਼ ਐਗਜ਼ੈਕਟਿਵ ਐਂਡ ਕਮਿਊਨਿਟੀਜ਼ ਸਕੌਟਲੈਂਡ ।

ਸੰਪਰਕ ਕਰੋ: ਟਾਮਿਕੌਂ ਮੈਕੀ ਅਤੇ ਨੰਬਰ ਹੈ 0131 225 7246
**tmackie@trustha.org.uk**
**www.happytotranslate.com**

## ਐਸੋਸਿਏਸ਼ਨਜ਼ ਨੇ ਕਾਨਫ਼ਰੰਸ ਅਵਾਰਡ ਪ੍ਰਾਪਤ ਕੀਤਾ



ਖੱਬੇ ਤੋਂ ਸੱਜੇ: ਰੋਹਿਣੀ ਸ਼ਰਮਾ (ਵਿਚਕਾਰ) ਐਸੋਸਿਏਸ਼ਨਜ਼ ਵਲੋਂ ਇਨਾਮ ਲੈਂਦੇ ਹੋਏ, ਵਲੋਂ CIH's ਜਿਮ ਪੋਲੌਕ (ਖੱਬੇ) ਅਤੇ ਈਅਨ ਰਿਚਰਡਸਨ (ਸੱਜੇ)।

ਮਾਰਚ ਵਿਚ, ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਊਜ਼ਿੰਗ ਐਸੋਸਿਏਸ਼ਨਜ਼ ਨੇ ਐਬਰਡੀਨ ਵਿਚ 2005 ਵਿਚ **Chartered Institute of Housing Conference ਵਿਚ Best Small Exhibition Stand Award** ਪ੍ਰਾਪਤ ਕੀਤਾ । ਅਵਾਰਡ ਨੇ ਐਸੋਸਿਏਸ਼ਨਜ਼ ਦੇ ਸਮਾਨਤਾ ਕਾਰਜਕ੍ਰਮ ਦੀ ਜਾਣਕਾਰੀ ਦੀ ਵਿਸ਼ੇਸ਼ਤਾ, ਖਾਕੇ ਦੀ ਯੋਜਨਾ ਅਤੇ ਪ੍ਰਸਤੁਤੀਕਰਣ ਨੂੰ ਸਨਮਾਨਿਆ ।

ਅੰਦਰ...


ਪੈਂਸ਼ਨ ਬੈਨਿਫ਼ਿੱਟ ਆਊਟਰੀਚ ਵਰਕਰ

ਸੀ/ਐੱਚ ਅਵਾਰਡ

ਨੌਂਕਰੀ ਮੌਕਾ ਮੇਲਾ 2005

ਹਾਊਜ਼ਿੰਗ ਫ਼ਾਰਮ ਵਿਚ ਨਸਲੀ ਸਮਾਨਤਾ

ਸਾਰੀਆਂ ਉਮਰਾਂ ਵਾਸਤੇ ਸ਼ਹਿਰ

www.EqualityScotland.com

## ਨਿਯੁਕਤੀ: ਪੈਂਸ਼ਨ ਬੈਨਿਫ਼ਿੱਟ ਆਊਟਰੀਚ ਵਰਕਰ



ਟ੍ਰਸਟ, ਹੈਨੋਵਰ (ਸਕਾਟਲੈਂਡ) ਅਏ ਬੀਲਡ ਹਾਊਜ਼ਿੰਗ ਐਸੋਸਿਏਸ਼ਨਜ਼ ਨੇ ਪੈਂਸ਼ਨ ਬੈਨਿਫ਼ਿੱਟ ਆਊਟਰੀਚ ਆਰੰਭ, ਦੇ ਵਿਕਾਸ, ਜਿਸ ਦੀ ਰੂਪ–ਰੇਖਾ ਸਕਾਟਲੈਂਡ ਵਿਚ ਕਾਲੇ ਅਤੇ ਘੱਟ ਗਿਣਤੀ ਨਸਲੀ ਬਜ਼ੁਰਗ ਲੋਕਾਂ ਦੁਆਰਾ ਫ਼ਾਇਦਿਆਂ ਦੀ ਸਮਝ ਨੂੰ ਵਧਾਉਣ ਲਈ ਕੀਤੀ ਗਈ ਹੈ ਵਾਸਤੇ, **ਪੈਂਸ਼ਨ ਬੈਨਿਫ਼ਿੱਟ ਆਊਟਰੀਚ ਵਰਕਰ** ਦੀ ਨਿਯੁਕਤੀ ਕੀਤੀ ।

**ਆਇਸ਼ਾ ਨਦੀਮ**, ਇਸ ਨਵੀਂ ਨੌਕਰੀ ਵਿਚ ਵਚਨਬੱਧਤਾ, ਯੋਗਤਾ ਅਤੇ ਤਜ਼ਰਬਾ ਲੈ ਕੇ ਆਈ ਹੈ, ਜਿਸ ਬਾਰੇ ਐਸੋਸਿਏਸ਼ਨਜ਼ ਨੂੰ ਯਕੀਨ ਹੈ ਕਿ ਮਹੱਤਵਪੂਰਣ ਅਸਰ ਅਤੇ ਵਾਸਤਵਿਕ ਨਤੀਜਿਆਂ ਦੀ ਪੇਸ਼ਗੀ ਹੋਵੇਗੀ ।

ਆਇਸ਼ਾ ਦਾ ਕਹਿਣਾ ਹੈ, "ਮੈਂ ਪੈਂਸ਼ਨ ਬੈਨਿਫ਼ਿੱਟ ਆਊਟਰੀਚ ਪ੍ਰਾਜੈਕਟ ਵਿਚ ਨਿਯੁਕਤ ਹੋਣ ਤੇ ਖ਼ੁਸ਼ ਹਾਂ । ਇਹ ਪਛਾਣ ਕਰਨਾ ਮਹੱਤਵਪੂਰਣ ਹੈ ਕਿ ਕਈ ਸਕਾਟਲੈਂਡ ਵਿਚ ਪਹੁੰਚ ਕਰਨ ਵਿਚ ਮੁਸ਼ਕਲ ਬਜ਼ੁਰਗ ਬੀ ਐੱਮ ਈ ਲੋਕ, ਰੁਕਾਵਟਾਂ, ਜੋ ਉਨ੍ਹਾਂ ਨੂੰ ਫ਼ਾਇਦਿਆਂ ਦੇ ਹੱਕਦਾਰ ਹੋਣ ਦੀ ਪਹੁੰਚ ਕਰਨ ਤੋਂ ਰੋਕਦੀਆਂ ਹਨ ਕਾਰਣ, ਗਰੀਬੀ ਵਿਚ ਰਹਿੰਦੇ ਹਨ । ਮੈਂ ਯਕੀਨ ਕਰਦੀ ਹਾਂ ਕਿ ਇਹ ਪ੍ਰਾਜੈਕਟ ਅਰਥਪੂਰਣ ਢੰਗ ਨਾਲ ਨਿੱਤ–ਦਿਹਾੜੀ ਦੇ ਜੀਵਨ ਦੀ ਵਿਸ਼ੇਸ਼ਤਾ ਲਈ ਜ਼ਰੂਰੀ ਸੇਵਾਵਾਂ ਦੀ ਸਮਝ ਨੂੰ ਵਧਾਵਾ ਦੇ ਕੇ ਇਸ ਅੰਤਰ ਨੂੰ ਘੱਟ ਕਰੇਗਾ ।"

ਸੰਪਰਕ ਕਰੋ: ਆਇਸ਼ਾ ਨਦੀਮ, ਨੰਬਰ ਹੈ: 0131 225 7246 ਜਾਂ anadeem@trustha.org.uk
ਜਾਂ ਵੇਖੋ: www.EqualityScotland.com

## "ਹੈਪੀ ਟੂ ਟ੍ਰਾਂਸਲੇਟ" ਲੋਗੋ ਸਰਵੇਖਣ ਰਿਪੋਰਟ




ਦ ਐਸੋਸਿਏਸ਼ਨਜ਼ ਰਿਪੋਰਟ ਦਾ ਪ੍ਰਕਾਸ਼ਨ ਕਰਨਗੀਆਂ, 'ਹੈਪੀ ਟੂ ਟ੍ਰਾਂਸਲੇਟ ਲੋਗੋ ਦਾ ਵਿਕਾਸ': ਸਕਾਟਲੈਂਡ ਵਿਚ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਨਾਲ ਸਲਾਹ ਦੇ ਫ਼ੈਸਲੇ ਅਤੇ ਨਤੀਜੇ ।

ਪ੍ਰਕਾਸ਼ਨ, ਅਧਿਕਾਰਿਕ "ਹੈਪੀ ਟੂ ਟ੍ਰਾਂਸਲੇਟ" ਲੋਗੋ ਦੀ ਰੂਪ–ਰੇਖਾ ਦੇ ਵਿਕਾਸ ਉੱਤੇ ਅੰਤਰ–ਦ੍ਰਿਸ਼ਟੀ ਪਾਏਗਾ, ਜਿਸ ਵਿਚ 2004 ਦੀ ਸਲਾਹ ਸਰਵੇਖਣ ਦਾ ਵਿਧਿ–ਵਿਗਿਆਨ ਸ਼ਾਮਿਲ ਹੈ ਜਿਸ ਵਿਚ ਲੋਕਾਂ ਨੂੰ ਉਸ ਰੂਪ–ਰੇਖਾ ਤੇ ਵੋਟ ਪਾਉਣ ਨੂੰ ਕਿਹਾ ਗਿਆ ਸੀ, ਜਿਹੜਾ ਉਨ੍ਹਾਂ ਨੇ ਸਭ ਤੋਂ ਜ਼ਿਆਦਾ ਪਸੰਦ ਕੀਤਾ । ਸਰਵੇਖਣ ਦੇ ਪ੍ਰਤਿਵਾਦੀਆਂ ਦੁਆਰਾ ਦਿੱਤਾ ਗਿਆ ਜਵਾਬ ਅੰਤਰ–ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਕਿ ਜੇਤੂ ਖਾਕਾ (ਜਿਸ ਨੇ ਕਿ 56 ਪ੍ਰਤਿਸ਼ਤ ਤੋਂ ਵਧੇਰੇ ਵੋਟ ਪ੍ਰਾਪਤ ਕੀਤੇ) ਕਿਉਂ ਲੋਕ–ਪਿਆਰਾ ਸੀ ਅਤੇ ਕਿਉਂ ਦਿੱਤੇ ਗਏ ਸੁਝਾਵਾਂ ਦੇ ਜਵਾਬ ਅਨੁਸਾਰ ਇਸ ਦੀ ਰੂਪ–ਰੇਖਾ ਨੂੰ ਸੁਧਾਰਿਆ ਗਿਆ ਸੀ ।

ਅਖੀਰ ਵਿਚ, ਰਿਪੋਰਟ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਦੇ ਲੋਕਾਂ ਦੁਆਰਾ ਪੂਰੇ ਕੀਤੇ ਗਏ 500 ਸਰਵੇਖਣਾਂ ਵਿਚ ਇਕੱਠੇ ਕੀਤੇ ਗਏ ਮੁੱਖ ਅੰਕੜਿਆਂ ਦਾ ਵਿਸ਼ਲੇਸ਼ਣ ਕਰਦੀ ਹੈ । ਅੰਕੜੇ ਸਕਾਟਲੈਂਡ ਵਿਚ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਦੀਆਂ ਵਿਸ਼ੇਸ਼ ਮਾਪਦੰਡ ਅਨੁਸਾਰ ਜਿਵੇਂ ਕਿ ਉਮਰ, ਲਿੰਗ, ਨਸਲ ਅਤੇ ਕੌਂਸਲ ਇਲਾਕਾ ਅਨੁਸਾਰ ਭਾਸ਼ਾ ਦੀਆਂ ਲੋੜਾਂ ਬਾਰੇ ਅੰਤਰ–ਦ੍ਰਿਸ਼ਟੀ ਪ੍ਰਦਾਨ ਕਰਦੇ ਹਨ ।

**happytotranslate.com** ਤੇ ਰਿਪੋਰਟ ਵੇਖੋ ਜਾਂ ਸੰਪਰਕ ਕਰੋ:
ਟਾਮਿਕੋ ਮੈਕੀ ਨੂੰ tmackie@trustha.org.uk ਜਾਂ ਫ਼ੋਨ ਕਰੋ:
0131 225 7246

## ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਵਾਸਤੇ ਗਲਾਸਗੋ ਵਿਚ ਰੁਜ਼ਗਾਰ ਮੇਲਾ ਹੋਇਆ

2004 ਵਿਚ ਐਡਿਨਬਰਾ ਵਿਖੇ, ਇਸ ਦੀ ਕਾਮਯਾਬੀ ਤੋਂ ਬਾਅਦ, ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਵਾਸਤੇ ਦੂਸਰਾ ਸਾਲਾਨਾ ਰੁਜ਼ਗਾਰ ਮੌਕਿਆਂ ਦਾ ਮੇਲਾ ਗਲਾਸਗੋ ਵਿਚ ਐੱਸ ਈ ਸੀ ਸੀ ਵਿਖੇ 11 ਜੂਨ ਨੂੰ ਹੋਇਆ । ਇਹ ਜਲਸਾ **ਟ੍ਰਸਟ, ਹੈਨੋਵਰ (ਸਕਾਟਲੈਂਡ) ਐਂਡ ਬੀਲਡ ਹਾਊਜ਼ਿੰਗ ਐਸੋਸਿਏਸ਼ਨਜ਼** ਦੁਆਰਾ ਸਕੌਟਿਸ਼ ਫ਼ੈਡਰੇਸ਼ਨ ਆਫ਼ ਹਾਊਜ਼ਿੰਗ ਐਸੋਸਿਏਸ਼ਨਜ਼ (SFHA) ਅਤੇ ਦ ਚਾਰਟਰਡਰਡ ਇੰਸਟੀਚਯੂਟ ਆਫ਼ ਹਾਊਜ਼ਿੰਗ ਇਨ ਸਕੌਟਲੈਂਡ (CIH Scotland) ਦੀ ਭਾਈਵਾਲੀ ਨਾਲ ਸੰਗਠਿਤ ਕੀਤਾ ਗਿਆ ।




ਗਲਾਸਗੋ ਵਿਚ ਅਤੇ ਆਸ–ਪਾਸ ਰਹਿ ਰਹੇ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰੇ (BME) ਦੇ ਲੋਕਾਂ ਲਈ ਨੌਕਰੀ ਅਤੇ ਸਿਖਲਾਈ ਮੌਕਿਆਂ ਦੀ ਪੇਸ਼ਕਸ਼ ਕਰਨ ਵਾਸਤੇ ਜਨਤਕ ਖੇਤਰ ਦੇ ਮਾਲਕ, ਸਕਾਟਲੈਂਡ ਦੇ ਕੁੱਝ ਖਾਸ ਹਾਊਜ਼ਿੰਗ ਸੰਸਥਾਵਾਂ ਨਾਲ ਸਹਿਯੋਗੀ ਬਨੇ । ਸੰਭਾਵੀ ਮਾਲਕਾਂ ਤਕ ਪਹੁੰਚ ਕਰਨ ਅਤੇ ਰੁਜ਼ਗਾਰ ਦੇ ਮੌਕਿਆਂ ਅਤੇ ਨੌਕਰੀ ਲਈ ਖਾਲੀ ਥਾਂ ਵਾਸਤੇ ਗਲਬਾਤ ਇੱਕ ਅਜਿਹੀ ਥਾਂ ਤੇ ਜੋ ਕਿ ਆਸਾਨ ਅਤੇ ਇੱਕ ਵਾਸਤੇ ਇੱਕ ਨਾਲ ਗਲਬਾਤ ਕਰ ਸਕਨ ਦਾ ਬੇਜੋੜ ਮੌਕਾ ਸੀ । ਮਾਲਕਾਂ ਵਾਸਤੇ, ਮੇਲੇ ਨੇ ਉਨ੍ਹਾਂ ਦੀ ਪਹੁੰਚ ਇੱਕ ਵਿਸਤ੍ਰਤ ਤੌਰ ਤੇ ਲੋਕਾਂ ਨਾਲ ਕਰਾਈ, ਜਿਨ੍ਹਾਂ ਦੀਆਂ ਯੋਗਤਾਵਾਂ ਅਤੇ ਤਜ਼ਰਬੇ ਅਕਸਰ ਅਣ–ਪਛਾਤੇ ਰਹਿ ਜਾਂਦੇ ਹਨ ।



ਸੀ.ਵੀ. ਲਿਖਣ ਲਈ ਮੁੱਫ਼ਤ ਵਰਕਸ਼ਾਪ ਅਤੇ ਇੰਟਰਵਿਊ ਤਕਨੀਕਾਂ ਵੀ ਪੇਸ਼ ਕੀਤੀਆਂ ਗਈਆਂ ।

ਜਲਸੇ ਦਾ ਸਮਰਥਨ ਕਈ ਸੰਸਥਾਵਾਂ ਦੁਆਰਾ ਕੀਤਾ ਗਿਆ ਜਿਵੇਂ ਕਿ ਸਟ੍ਰੈਥਕਲਾਈਡ ਫ਼ਾਇਰ ਐਂਡ ਰੈਸਕਿਊ, ਗਲਾਸਗੋ ਹਾਊਜ਼ਿੰਗ ਐਸੋਸਿਏਸ਼ਨ ਅਤੇ ਹੋਰਨਾਂ ਨਾਲ, ਕਰਿਅਰਜ਼ ਸਕੌਟਲੈਂਡ । ਪਿਛਲੇ ਅਤੇ ਭਵਿੱਖ ਦੇ ਰੁਜ਼ਗਾਰ ਮੇਲੇ ਜਲਸਿਆਂ ਬਾਰੇ ਵਧੇਰੇ ਜਾਣਕਾਰੀ ਲਈ ਜਾਂ ਸਾਲਾਨਾ ਰੁਜ਼ਗਾਰ ਮੌਕੇ ਮੇਲੇ ਰਿਪੋਰਟ ਬਾਰੇ ਪੜ੍ਹਣ ਲਈ www.EqualityScotland.com ਤੇ ਜਾਓ ਅਤੇ ਰੁਜ਼ਗਾਰ ਤੇ ਕਲਿਕ ਕਰੋ ।



## ਹਾਊਜ਼ਿੰਗ ਫ਼ੋਰਮ ਵਿਚ ਨਸਲੀ ਸਮਾਨਤਾ A.G.M.

14 ਮਾਰਚ ਨੂੰ, ਦ ਰੇਸ ਈਕਵਾਲਟੀ ਇਨ ਹਾਊਜ਼ਿੰਗ ਫ਼ੋਰਮ (South East of Scotland) ਨੇ ਇਸ ਦੀ ਤੀਸਰੀ ਸਾਲਾਨਾ ਆਮ ਮੀਟਿੰਗ ਕੀਤੀ (AGM) । ਇਸ ਵਿਚ ਬੀ ਐਮ ਈ ਕਮਿਊਨਟੀਜ਼ ਅਤੇ ਸੋਸ਼ਲ ਹਾਊਸਿੰਗ ਦੇਣਦਾਰ ਵਾਲਿਆਂ ਵਲੋਂ ਬੜੀ ਸਰਗਰਮੀ ਨਾਲ ਹਾਜ਼ਰੀਆਂ ਭਰੀਆਂ ਗਈਆਂ ।

ਇੱਕ ਨਵੀਂ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿਚ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ, ਸੰਸਥਾਵਾਂ, ਹਾਊਜ਼ਿੰਗ ਐਸੋਸਿਏਸ਼ਨਾਂ ਅਤੇ ਸਥਾਨਕ ਅਧਿਕਾਰ ਵਿਚੋਂ ਨੁਮਾਇੰਦੇ ਸ਼ਾਮਲ ਸਨ ।

ਮਹਿਮਾਨ ਬੋਲਨ ਵਾਲਿਆਂ ਵਿਚ, **ਕੌਂਸਲਰ ਡਯੂਗੀ ਕੇਰ** (ਜਿਸ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ) ਅਤੇ ਸਲਮਾ ਰਹਿਮਾਨ ਸ਼ਾਮਿਲ ਸਨ । ਫ਼ੋਰਮ ਦੇ ਪ੍ਰਧਾਨ, **ਜਲਾਲ ਚੌਧਰੀ** ਨੇ ਪਿਛਲੇ ਸਾਲ ਦੌਰਾਨ ਕੀਤੇ ਗਏ ਕੰਮ ਦੀ ਤਿਆਰ–ਬਰ–ਤਿਆਰ ਰਿਪੋਰਟ ਦਿੱਤੀ ਅਤੇ ਭਵਿੱਖ ਦੀਆਂ ਕ੍ਰਿਆਵਾਂ ਦਾ ਸੰਖੇਪ ਕੀਤਾ ।